# ਬਾਬਾ ਫਰੀਦ ਯੂਨੀਵਰਸਿੱਟੀ ਆਫ ਹੈਲਥ ਸਾਇੰਸਜ਼, ਫਰੀਦਕੋਟ

ਮਿੱਤੀ 08/12/2024

## <u>ਜਨਤਕ ਨੋਟਿਸ</u>

ਬਾਬਾ ਫਰੀਦ ਯੂਨੀਵਰਸਿੱਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵੱਲੋ **Punjabi Language Test for recruitment to the various posts under Dr B.R. Ambedkar State Institute of Medical Sciences, Mohali** ਦੀ ਭਰਤੀ ਲਈ ਮਿੱਤੀ 08/12/2024 ਦਿਨ ਐਤਵਾਰ (Sunday) ਨੂੰ ਭਰਤੀ ਪ੍ਰੀਖਿਆ ਕੇਂਦਰ ਬਣਾ ਕੇ ਕਰਵਾਈ ਗਈ ਸੀ. ਇਸ ਪੇਪਰ ਦੀ Answer Key/Question Booklet ਯੂਨੀਵਰਸਿੱਟੀ ਦੀ ਵੈਬ ਸਾਈਟ www.bfuhs.ac.in ਤੇ ਅਪਲੋਡ ਕਰ ਦਿੱਤੀ ਗਈ ਹੈ, ਜੇਕਰ ਕਿਸੇ ਵੀ ਉਮੀਦਵਾਰ ਨੂੰ Answer Key ਸਬੰਧੀ ਕੋਈ ਇਤਰਾਜ ਹੋਵੇ ਤਾ ਉਹ ਉਮੀਦਵਾਰ ਦਸਤੀ ਫੀਸ Rs. 500/- (Five Hundred only) Bank Demand Draft in favour of Registrar, BFUHS, Faridkot payable at Faridkot or Online fee (ਯੂਨੀਵਰਸਿੱਟੀ ਵੈਬਸਾਇਟ ਦੁਆਰਾ) ਭਰਨ ਉਪਰੰਤ ਰਸੀਦ ਨੱਥੀ ਕਰਕੇ ਭਰਤੀ ਸ਼ਾਖਾ, ਕਮਰਾ ਨੰਬਰ-103, ਬਾਬਾ ਫਰੀਦ ਯੂਨੀਵਰਸਿੱਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵਿੱਖੇ ਆਪਣਾ ਇਤਰਾਜ ਮਿੱਤੀ 09/12/2024 (05:00 PM) ਤੱਕ ਜਮਾਂ ਕਰਵਾ ਸਕਦੇ ਹਨ। ਨਿਰਧਾਰਤ ਫੀਸ ਤੋਂ ਬਿਨ੍ਹਾ ਕੋਈ ਵੀ ਇਤਰਾਜ ਵਿਚਾਰਿਆ ਨਹੀ ਜਾਵੇਗਾ।

ਉਪਰੋਕਤ ਦਿੱਤੇ ਗਏ ਸਮੇਂ ਤੋ ਬਾਅਦ ਵਿੱਚ ਪ੍ਰਾਪਤ ਹੋਏ ਇਤਰਾਜ ਵਿਚਾਰੇ ਨਹੀ ਜਾਣਗੇ ਅਤੇ ਪ੍ਰਾਪਤ ਹੋਏ ਇਤਰਾਜ ਦਾ ਨਿਪਟਾਰਾ ਕਰਨ ਤੋਂ ਬਾਅਦ ਉਪਰੋਕਤ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

**ਨੋਟ: ਡਾਕ/ਈਮੇਲ ਰਾਹੀਂ ਪ੍ਰਾਪਤ ਹੋਏ ਇਤਰਾਜ ਪ੍ਰਵਾਨ ਨਹੀਂ ਕੀਤੇ ਜਾਣਗੇ।**

**ਸਹੀ/-**
ਰਜਿਸਟਰਾਰ

| ਉੱਤਰ ਕੁੰਜੀ | | | |
|---|---|---|---|
| 1 | ਅ | 26 | ਓ |
| 2 | ਸ | 27 | ਸ |
| 3 | ੲ | 28 | ੲ |
| 4 | ਅ | 29 | ਓ |
| 5 | ਅ | 30 | ਸ |
| 6 | ਓ | 31 | ੲ |
| 7 | ਸ | 32 | ੲ |
| 8 | ਓ | 33 | ਅ |
| 9 | ਅ | 34 | ੲ |
| 10 | ਸ | 35 | ਓ |
| 11 | ਓ | 36 | ੲ |
| 12 | ਸ | 37 | ਅ |
| 13 | ਅ | 38 | ਸ |
| 14 | ੲ | 39 | ੲ |
| 15 | ੲ | 40 | ਓ |
| 16 | ਅ | 41 | ਸ |
| 17 | ਅ | 42 | ੲ |
| 18 | ਅ | 43 | ੲ |
| 19 | ਓ | 44 | ਓ |
| 20 | ਓ | 45 | ਅ |
| 21 | ਸ | 46 | ਅ |
| 22 | ਓ | 47 | ੲ |
| 23 | ੲ | 48 | ਸ |
| 24 | ਸ | 49 | ਓ |
| 25 | ਓ | 50 | ੲ |

# ਬਾਬਾ ਫਰੀਦ ਯੂਨੀਵਰਸਿਟੀ ਆੱਫ ਹੈਲਥ ਸਾਇੰਸਿਜ਼ ਫਰੀਦਕੋਟ

**Punjabi Language Test for various posts under Dr B.R. Ambedkar State Institute of Medical Sciences, Mohali**

Child Psychologist, Medical Lab Technician, Media Maker, Staff Nurse, Optometrist/ Refractionist, Operation Theatre Assistant, Occupational Therapist, Radiographer, Speech Therapist, Anesthesia Technician, Health Visitor, Lab Attendant, Clerk-cum-Cashier, Cashier, E.E.G Tech

**ਪ੍ਰਸ਼ਨ ਪੁਸਤਕ ਨੰ:**

**ਓ.ਐੱਮ.ਆਰ. (OMR) ਸ਼ੀਟ ਨੰ:**

**ਰੋਲ ਨੰਬਰ:**

ਉਮੀਦਵਾਰ ਦੇ ਹਸਤਾਖਰ

ਉਮੀਦਵਾਰ ਦਾ ਅੰਗੂਠੇ ਦਾ ਨਿਸ਼ਾਨ

ਇਨਵੀਜੀਲੇਟਰ ਦੇ ਹਸਤਾਖਰ

ਅਬਜਰਵਰ ਦੇ ਹਸਤਾਖਰ

**ਸਮਾਂ 1 ਘੰਟਾ (ਦੁਪਹਿਰ 11:00 ਵਜੇ ਤੋਂ 12:00 ਵਜੇ ਤੱਕ)** **ਅੰਕ:50**

1. ਸਿਰਫ ਕਾਲਾ/ਨੀਲਾ ਬਾਲ ਪੈੱਨ ਦੀ ਹੀ ਵਰਤੋ ਕੀਤੀ ਜਾਵੇ, ਪੈਨਸਿਲ ਦੀ ਵਰਤੋ ਨਾ ਕੀਤੀ ਜਾਵੇ।
2. ਆਪਣਾ ਰੋਲ ਨੰਬਰ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਤੇ ਬਣੇ ਖਾਨੇ ਵਿੱਚ ਹੀ ਲਿਖਿਆਂ ਜਾਵੇ ਨਾ ਕਿ ਕਿਸੇ ਹੋਰ ਜਗ੍ਹਾਂ ਉਤੇ ਲਿਖਿਆਂ ਜਾਵੇ।
3. ਪ੍ਰਸ਼ਨ ਪੁਸਤਿਕਾ ਵਿੱਚ ਜਾਂ ਓ ਐੱਮ ਆਰ ਸ਼ੀਟ ਉੱਤੇ ਕਿਸੇ ਵੀ ਪ੍ਰਕਾਰ ਦਾ ਕੋਈ ਨਿਸ਼ਾਨ ਨਾ ਲਗਾਓ।
4. 50 ਪ੍ਰਸ਼ਨ ਅਤੇ ਇਨ੍ਹਾਂ ਸਾਰਿਆ ਦਾ 1-1 ਨੰਬਰ ਹੈ। ਪ੍ਰਸ਼ਨ ਦਾ ਉੱਤਰ ਦੇਣ ਤੋ ਪਹਿਲਾ ਜਾਂਚ ਜਰੂਰ ਕਰੋ ਕਿ ਉਸ ਦਾ ਸਹੀ ਉੱਤਰ ਕੀ ਹੈ।ਜਾਂਚ ਕਰੋ ਕਿ ਉੱਤਰ ਕਾਪੀ ਦੇ ਪੇਜ ਸਾਰੇ ਪੂਰੇ ਹਨ ਜੇਕਰ ਕੋਈ ਵੀ ਪੇਜ ਗਾਇਬ ਹੈ ਤਾਂ ਪ੍ਰੀਖਿਆ ਸ਼ੁਰੂ ਹੋਣ ਤੋ 5 ਮਿੰਟ ਪਹਿਲਾ ਸੈਂਟਰ ਸੁਪਰਡੈਂਟ ਨੂੰ ਸੂਚਿਤ ਕੀਤਾ ਜਾਵੇ।
5. **ਹਰੇਕ ਪ੍ਰਸ਼ਨ ਦੇ ਬਾਅਦ ਚਾਰ ਵਿਕਲਪਿਕ ਉਤਰਾ A, B, C, D, ਵਿਚੋ ਕੋਈ ਇੱਕ ਸਹੀ/ ਸਭ ਤੋ ਸਹੀ ਹੈ। ਜੇਕਰ ਸਾਰੇ ਗੋਲੇ (ovals) ਖਾਲੀ ਛੱਡ ਦਿੱਤੇ ਜਾਂਦੇ ਹਨ, ਤਾਂ ਹਰੇਕ ਅਜਿਹੇ ਪ੍ਰਸ਼ਨ ਲਈ 0.25 ਅੰਕ ਦੀ ਕਟੌਤੀ ਕੀਤੀ ਜਾਵੇਗੀ। ਪੰਜਵਾਂ ਗੋਲਾ (E) (ਸੁਰੱਖਿਆ ਮੰਤਵ ਲਈ ਹੈ ਜੇਕਰ ਤੁਸੀ ਕੋਈ ਪ੍ਰਸ਼ਨ ਹੱਲ ਨਹੀ ਕਰਨਾ ਚਾਹੁੰਦੇ ਤਾਂ ਗੋਲਾ (E) ਨੂੰ ਕਾਲਾ ਕੀਤਾ ਜਾਵੇ।**
6. ਪ੍ਰਸ਼ਨ ਪੁਸਤਿਕਾ ਨੂੰ ਜਦੋ ਖੋਲਣ ਲਈ ਕਿਹਾ ਜਾਵੇ ਤਾਂ ਉਸ ਦੀ ਸੀਲ ਨੂੰ ਧਿਆਨ ਨਾਲ ਹਟਾਇਆ ਜਾਵੇ। ਪ੍ਰੀਖਿਆ ਦਾ ਸਮਾਂ ਸਮਾਪਤ ਹੋਣ ਉਪਰੰਤ ਅਤੇ ਪ੍ਰੀਖਿਆ ਭਵਨ ਨੂੰ ਛੱਡਣ ਤੋ ਪਹਿਲਾ ਓ ਐਮ ਆਰ ਸ਼ੀਟ ਡਿਊਟੀ ਤੇ ਹਾਜਿਰ ਅਧਿਕਾਰੀ ਨੂੰ ਸੌਂਪੀ ਜਾਵੇ।
7. ਕਿਸੇ ਵੀ ਸਖਿੱਤੀ ਵਿੱਚ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਜਾਂ ਉਸ ਦਾ ਕੋਈ ਭਾਗ ਜਾਂ ਉਸ ਵਿੱਚੋ ਕੁਝ ਕਾਪੀ ਜਾਂ ਨੋਟ ਕੀਤੀ ਸਮੱਗਰੀ ਪ੍ਰੀਖਿਆ ਭਵਨ ਤੋ ਬਾਹਰ ਨਾ ਲਿਜਾਈ ਜਾਵੇ। ਕੋਈ ਵੀ ਉਮੀਦਵਾਰ ਇਹ ਕਰਦਾ ਪਾਇਆ ਗਿਆ ਤਾਂ ਉਸ ਨੂੰ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ।
8. **ਪ੍ਰੀਖਿਆ ਪੂਰੀ ਹੋਣ ਤੋਂ ਬਾਅਦ ਉਮੀਦਵਾਰ ਕੇਵਲ ਆਪਣੀ ਪ੍ਰਸ਼ਨ ਪੁਸਤਿਕਾ ਹੀ ਆਪਣੇ ਨਾਲ ਲਿਜਾ ਸਕਦਾ ਹੈ। ਪਰ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਨੂੰ Invigilator ਨੂੰ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਜੇਕਰ ਉਮੀਦਵਾਰ ਦੁਆਰਾ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) Invigilator ਨੂੰ ਜਮ੍ਹਾ ਨਹੀ ਕਰਵਾਈ ਜਾਂਦੀ ਤਾਂ ਉਮੀਦਵਾਰ ਦੀ ਪ੍ਰੀਖਿਆ ਰੱਦ ਕਰ ਦਿੱਤੀ ਜਾਵੇਗੀ।**
9. ਜਿਹੜਾ ਉਮੀਦਵਾਰ ਪ੍ਰੀਖਿਆ ਵਿੱਚ ਕਿਸੇ ਕਿਸਮ ਦੀ ਗੜਬੜ ਪੈਦਾ ਕਰਦਾ ਹੈ ਜਾਂ ਆਪਣੀ ਸ਼ੀਟ ਬਦਲਦਾ ਹੈ ਜਾਂ ਉਸ ਕੋਲੋ ਕਿਸੇ ਕਿਸਮ ਦੀ ਪ੍ਰੀਖਿਆਂ ਵਿੱਚ ਸਹਾਇਤਾ ਲੈਣ ਵਾਲਾ ਕਾਗਜ ਮਿਲਦਾ ਹੈ ਤਾਂ ਉਸ ਨੂੰ ਸੈਂਟਰ ਸੁਪਰਡੈਂਟ/ ਅਬਜਰਵਰ ਦੁਆਰਾ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਇਸ ਉਦੇਸ਼ ਲਈ "**ਬਾਹਰ ਕੱਢੇ ਜਾਣ**" ਦਾ ਅਰਥ ਹੈ ਕਿ ਉਮੀਦਵਾਰ ਦੀ ਪੂਰੀ ਪ੍ਰੀਖਿਆਂ ਨੂੰ ਰੱਦ ਸਮਝਿਆ ਜਾਵੇਗਾ।
10. ਉਮੀਦਵਾਰ ਕਿਸੇ ਵੀ ਕਿਸਮ ਦੇ ਦੂਰਸੰਚਾਰ ਉਪਕਰਨ ਜਿਵੇ ਕਿ ਪੇਜਰ, ਸੈਲੂਲਰ ਫੋਨ, ਵਾਇਰਲੈਸ ਸੈੱਟ, ਬਲੂ ਟੂਥ ਡਵਾਈਸ, ਸਕੈਨਰ ਆਦਿ ਪ੍ਰੀਖਿਆ ਭਵਨ ਵਿੱਚ ਨਹੀ ਲਿਆ ਸਕਦਾ।
11. ਪ੍ਰਸ਼ਨ ਪੱਤਰਿਕਾ ਦਾ ਖਾਲੀ ਭਾਗ ਕੱਚਾ ਕੰਮ ਲਈ ਵਰਤਿਆ ਜਾ ਸਕਦਾ ਹੈ।
12. ਇਮਤਿਹਾਨ ਦੌਰਾਨ ਉਮੀਦਵਾਰ ਨੂੰ ਹਾਲ ਤੋ ਬਾਹਰ ਨਹੀ ਜਾਣ ਦਿੱਤਾ ਜਾਵੇਗਾ।
13. ਉਮੀਦਵਾਰ ਨੂੰ ਕਿਸੇ ਤੋ ਕਿਸੇ ਕਿਸਮ ਦੀ ਕੋਈ ਵੀ ਸਮੱਗਰੀ ਲੈਣ ਦੀ ਆਗਿਆ ਨਹੀ ਹੈ।
14. ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਕੰਪਿਊਟਰ ਦੁਆਰਾ ਜਾਂਚੀ ਜਾਣੀ ਹੈ, ਜੇਕਰ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀ ਕੀਤੀ ਗਈ ਤਾਂ ਹੋਣ ਵਾਲੇ ਨੁਕਸਾਨ ਦੀ ਜ਼ੁੰਮੇਵਾਰੀ ਉਮੀਦਵਾਰ ਦੀ ਹੋਵੇਗੀ।
15. ਉਮੀਦਵਾਰ ਨੂੰ ਪ੍ਰੀਖਿਆਂ ਭਵਨ ਵਿੱਚ ਧੂਮਰਪਾਨ/ ਖਾਣ ਦੀ ਵਸਤੂ ਵਰਤਨ ਦੀ ਆਗਿਆ ਨਹੀ ਹੈ।
16. ਪੁਰਸ਼ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਅਤੇ ਇਸਤਰੀ ਉਮੀਦਵਾਰ ਦੁਆਰਾ ਨਿਰਧਾਰਤ ਜਗ੍ਹਾ ਉੱਤੇ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਲਗਾਇਆ ਜਾਵੇ।
17. ਉਮੀਦਵਾਰ ਦੁਆਰਾ ਹਾਜਰੀ ਸ਼ੀਟ ਤੇ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਦਾ ਨੰਬਰ ਭਰਿਆ ਜਾਵੇ।
18. ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਭਵਨ ਵਿੱਚੋ ਦੁਪਿਹਰ 12:00 ਵਜੇ ਤੋ ਪਹਿਲਾ ਬਾਹਰ ਨਹੀ ਭੇਜਿਆ ਜਾਵੇਗਾ।

1. **ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਮਹਾਨਤਾ ਕਿਸ ਸ਼ਬਦ ਵਿੱਚ ਦੱਸੀ ਹੈ?**
ੳ. ਗਗਨ ਮੈ ਥਾਲੁ
ਅ. ਸੋ ਕਿਉ ਮੰਦਾ ਆਖੀਐ
ੲ. ਪਵਣੁ ਗੁਰੂ ਪਾਣੀ ਪਿਤਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ

2. **'ਪਵਣੁ ਗੁਰੂ ਪਾਣੀ ਪਿਤਾ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਕਿਨ੍ਹਾਂ ਲੋਕਾਂ ਦੀ ਪ੍ਰਸੰਸਾ ਕਰਦੇ ਹਨ?**
ੳ. ਸੱਚ ਬੋਲਣ ਵਾਲ਼ਿਆਂ ਦੀ
ਅ. ਧਰਮ ਨੂੰ ਮੰਨਣ ਵਾਲਿਆਂ ਦੀ
ੲ. ਜੁਝਾਰਵਾਦੀਆਂ ਦੀ
ਸ. ਨਾਮ ਧਿਆਉਣ ਵਾਲ਼ਿਆਂ ਦੀ

3. **'ਮੇਰਾ ਮਨ ਲੋਚੈ ਗੁਰਦਰਸਨ ਤਾਈ' ਰਚਨਾ ਕਿਸ ਗੁਰੂ ਸਾਹਿਬ ਦੁਆਰਾ ਰਚੀ ਹੋਈ ਹੈ?**
ੳ. ਗੁਰੂ ਨਾਨਕ ਦੇਵ ਜੀ ਦੁਆਰਾ
ਅ. ਗੁਰੂ ਅੰਗਦ ਦੇਵ ਜੀ ਦੁਆਰਾ
ੲ. ਗੁਰੂ ਅਰਜਨ ਦੇਵ ਜੀ ਦੁਆਰਾ
ਸ. ਗੁਰੂ ਗੋਬਿੰਦ ਸਿੰਘ ਜੀ ਦੁਆਰਾ

4. **ਵਾਕ ਪੂਰਾ ਕਰੋ- ਮਿਠ ਬੋਲੜਾ ਜੀ ..............................।**
ੳ. ਓਹ ਕਦੇ ਨਾ ਬੋਲੈ ਕਉਰਾ
ਅ. ਹਰਿ ਸਜਣੁ ਸੁਆਮੀ ਮੋਰਾ
ੲ. ਹਰਿ ਸੱਜਣ ਸੁਆਮੀ ਮੇਰਾ
ਸ. ਹਰਿ ਦਰਸਨੁ ਦੇਖਿ ਅਪਾਰਾ

5. **ਗੁਰੂ ਅਮਰਦਾਸ ਜੀ ਨੇ ਬਾਣੀ ਕਿੰਨੇ ਰਾਗਾਂ ਵਿੱਚ ਰਚੀ?**
ੳ. 19 ਰਾਗਾਂ ਵਿੱਚ
ਅ. 17 ਰਾਗਾਂ ਵਿੱਚ
ੲ. 29 ਰਾਗਾਂ ਵਿੱਚ
ਸ. 31 ਰਾਗਾਂ ਵਿੱਚ

6. **ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਬਾਣੀ ਕਿਸ ਗੁਰੂ ਸਾਹਿਬ ਦੀ ਹੈ?**
ੳ. ਗੁਰੂ ਅਰਜਨ ਦੇਵ ਜੀ
ਅ. ਗੁਰੂ ਅਮਰਦਾਸ ਜੀ
ੲ. ਗੁਰੂ ਰਾਮਦਾਸ ਜੀ
ਸ. ਗੁਰੂ ਨਾਨਕ ਦੇਵ ਜੀ

7. **ਸ. ਭਗਤ ਸਿੰਘ ਦਾ ਜਨਮ ਕਦੋਂ ਹੋਇਆ?**
ੳ. 1909 ਈਸਵੀ ਵਿੱਚ　ਅ. 1910 ਈਸਵੀ ਵਿੱਚ
ੲ. 1908 ਈਸਵੀ ਵਿੱਚ　ਸ. 1907 ਈਸਵੀ ਵਿੱਚ

8. **ਕਰਤਾਰ ਸਿੰਘ ਸਰਾਭਾ ਦਾ ਜਨਮ ਕਿੱਥੇ ਹੋਇਆ ਸੀ?**
ੳ. ਲੁਧਿਆਣਾ　ਅ. ਪਟਿਆਲਾ
ੲ. ਰੋਪੜ　ਸ. ਜਲੰਧਰ

9. **ਭੀਮ ਰਾਓ ਨੂੰ ਵਜ਼ੀਫ਼ਾ ਕਿਸ ਵੱਲੋਂ ਦਿੱਤਾ ਗਿਆ?**
ੳ. ਕਲੂਸਕਰ　ਅ. ਬੜੌਦਾ ਰਿਆਸਤ
ੲ. ਅਧਿਆਪਕ　ਸ. ਪ੍ਰਿੰਸੀਪਲ

10. **ਭਾਸ਼ਾ ਕਿਸ ਨੂੰ ਕਹਿੰਦੇ ਹਨ?**
ੳ. ਗੱਲ-ਬਾਤ ਕਰਨ ਦੇ ਢੰਗ ਨੂੰ
ਅ. ਲਿਖਣ-ਪੜ੍ਹਨ ਨੂੰ
ੲ. ਵਿਆਕਰਨ ਨੂੰ
ਸ. ਭਾਵਾਂ ਦੇ ਪ੍ਰਗਟਾਵੇ ਦੇ ਸੰਚਾਰ ਸਾਧਨ ਨੂੰ

11. **ਪੰਜਾਬ ਦੀ ਟਕਸਾਲੀ ਭਾਸ਼ਾ ਕਿਹੜੀ ਹੈ?**
ੳ. ਮਾਝੀ　ਅ. ਮਲਵਈ
ੲ. ਦੁਆਬੀ　ਸ. ਪੁਆਧੀ

12. **ਰੂਪਨਗਰ ਜ਼ਿਲ੍ਹੇ ਵਿੱਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?**
ੳ. ਮਾਝੀ　ਅ. ਦੁਆਬੀ
ੲ. ਮਲਵਈ　ਸ. ਪੁਆਧੀ

13. **ਸਾਡੇ ਦੇਸ ਵਿੱਚ ਉਰਦੂ ਕਿਹੋ-ਜਿਹੀ ਭਾਸ਼ਾ ਹੈ?**
ੳ. ਪਿਜ਼ਿਨ　ਅ. ਕ੍ਰੀਓਲ
ੲ. ਸਲੈਂਗ　ਸ. ਗੁਪਤ ਭਾਸ਼ਾ

14. **ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ?**
ੳ. ਵਰਨ　ਅ. ਵਰਨਮਾਲ਼ਾ
ੲ. ਲਿਪੀ　ਸ. ਪੈਂਤੀ

15. **ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਪਾਏ ਜਾਣ ਵਾਲ਼ੇ ਅੱਖਰਾਂ ਨੂੰ ਕੀ ਕਹਿੰਦੇ ਹਨ?**
ੳ. ਨਾਸਕੀ ਅੱਖਰ　ਅ. ਜੁੜਵੇਂ ਅੱਖਰ
ੲ. ਦੁੱਤ ਅੱਖਰ　ਸ. ਉਪਰੋਕਤ ਸਾਰੇ

16. **'ਮੈਂ ਆਪ ਉਸ ਨੂੰ ਨਕਲ਼ ਮਾਰਦੇ ਦੇਖਿਆ ਹੈ।' ਇਸ ਵਾਕ ਵਿੱਚ 'ਆਪ' ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?**
ੳ. ਪੁਰਖਵਾਚਕ ਪੜਨਾਂਵ　ਅ. ਨਿੱਜਵਾਚਕ ਪੜਨਾਂਵ
ੲ. ਸੰਬੰਧਵਾਚਕ ਪੜਨਾਂਵ　ਸ. ਪ੍ਰਸ਼ਨਵਾਚਕ ਪੜਨਾਂਵ

17. **ਮਿਸ਼ਰਿਤ ਵਾਕਾਂ ਵਿੱਚ ਪ੍ਰਧਾਨ ਉਪਵਾਕ ਅਤੇ ਅਧੀਨ ਉਪਵਾਕਾਂ ਨੂੰ ਆਪਸ ਵਿੱਚ ਜੋੜਨ ਵਾਲ਼ੇ ਯੋਜਕਾਂ ਨੂੰ ਕੀ ਕਹਿੰਦੇ ਹਨ?**
ੳ. ਸਮਾਨ ਯੋਜਕ　ਅ. ਅਧੀਨ ਯੋਜਕ
ੲ. ਇਕਹਿਰੇ ਯੋਜਕ　ਸ. ਸੰਯੁਕਤ ਯੋਜਕ

18. **ਆਮ ਤੌਰ 'ਤੇ ਦੀਰਘ ਸ੍ਵਰ-ਧੁਨੀ ਦੇ ਉਚਾਰਨ ਵਿੱਚ ਲਘੂ ਸ੍ਵਰ-ਧੁਨੀ ਨਾਲ਼ੋਂ ਕਿੰਨਾ ਸਮਾਂ ਲੱਗਦਾ ਹੈ?**
ੳ. ਅੱਧਾ
ਅ. ਦੁਗਣਾ
ੲ. ਤਿੰਨ ਗੁਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ

19. ਕਾਰਜ ਦੇ ਅਧਾਰ 'ਤੇ ਯੋਜਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
ੳ. ਦੋ ਅ. ਤਿੰਨ
ੲ. ਚਾਰ ਸ. ਪੰਜ

20. ਧੁਨੀ ਤੋਂ ਕਿਸ ਦਾ ਨਿਰਮਾਣ ਹੁੰਦਾ ਹੈ?
ੳ. ਭਾਵਾਂਸ਼ ਦਾ ਅ. ਵਾਕਾਂਸ਼ ਦਾ
ੲ. ਉਪਵਾਕ ਦਾ ਸ. ਵਾਕ ਦਾ

21. ਪੰਜਾਬੀ ਦੀਆਂ ਕਿਹੜੀਆਂ ਧੁਨੀਆਂ ਨਾਲ ਮੌਜੂਦਾ ਦੌਰ ਵਿੱਚ ਕੋਈ ਸ਼ਬਦ ਅਰੰਭ ਨਹੀਂ ਹੁੰਦਾ?
(ੳ) ੳ, ਅ, ੲ, ਸ, ਹ (ਅ) ਸ਼, ਖ਼, ਗ਼, ਜ਼, ਫ਼
(ੲ) ਙ, ਞ, ਣ, ਨ, ਮ (ਸ) ਙ, ਞ, ਣ, ੜ, ਲ਼

22. ਉਚਾਰਨ ਪੱਖੋਂ ਸ੍ਵਰ-ਧੁਨੀਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?
ੳ. 2 ਅ. 4
ੲ. 5 ਸ. 13

23. ਜਿਸ ਧੁਨੀ ਦੇ ਉਚਾਰਨ ਸਮੇਂ ਕੁਝ ਅਵਾਜ਼ ਨੱਕ ਰਾਹੀਂ ਨਿਕਲਦੀ ਹੈ, ਉਸ ਨੂੰ ਕੀ ਕਹਿੰਦੇ ਹਨ?
ੳ. ਸ੍ਵਰ ਅ. ਵਿਅੰਜਨ
ੲ. ਅਨੁਨਾਸਿਕ ਜਾਂ ਨਾਸਿਕੀ ਸ. ਦੀਰਘ ਸ੍ਵਰ

24. 'ਤਵਾਰੀਖ਼' ਸ਼ਬਦ ਦਾ ਅਰਥ ਹੈ?
ੳ. ਤਵੀਤ ਅ. ਦਵਾਈ
ੲ. ਗਹਿਣਾ ਸ. ਇਤਿਹਾਸ

25. 'ਲਟੈਣ' ਸ਼ਬਦ ਦਾ ਅਰਥ ਹੈ?
ੳ. ਸ਼ਤੀਰੀ ਅ. ਲਾਲਟੈਣ
ੲ. ਟੋਕਰੀ ਸ. ਸਵਾਰੀ

26. 'ਮੇਰੀ ਚੁੰਨੀ ਦਾ ਰੰਗ ਨੀਲਾ ਹੈ।' ਇਸ ਵਾਕ ਵਿੱਚ ਕਿਹੜੇ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ?
ੳ. ਗੁਣਵਾਚਕ ਵਿਸ਼ੇਸ਼ਣ ਅ. ਸੰਖਿਆਵਾਚਕ ਵਿਸ਼ੇਸਣ
ੲ. ਨਿਸ਼ਚੇਵਾਚਕ ਵਿਸ਼ੇਸ਼ਣ ਸ. ਪੜਨਾਂਵੀਂ ਵਿਸ਼ੇਸ਼ਣ

27. 'ਉਹ ਅੰਦਰ ਬੈਠਾ ਟੀ.ਵੀ. ਦੇਖ ਰਿਹਾ ਹੈ।' ਵਾਕ ਵਿੱਚ ਵਰਤੇ ਕਿਰਿਆ-ਵਿਸ਼ੇਸ਼ਣ ਦੀ ਕਿਸਮ ਦੱਸੋ।
ੳ. ਕਾਰਨਵਾਚਕ ਕਿਰਿਆ-ਵਿਸ਼ੇਸ਼ਣ
ਅ. ਕਾਲਵਾਚਕ ਕਿਰਿਆ-ਵਿਸ਼ੇਸ਼ਣ
ੲ. ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ
ਸ. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ

28. 'ਸੁਖਾਂਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
ੳ. ਸੁੱਖ ਅ. ਖ਼ੁਸ਼ਹਾਲੀ
ੲ. ਦੁਖਾਂਤ ਸ. ਖ਼ੁਸ਼

29. ਵਿਆਕਰਨ ਅਨੁਸਾਰ ਧੁਨੀ ਕਿਸ ਨੂੰ ਕਹਿੰਦੇ ਹਨ?
ੳ. ਅਵਾਜ਼ ਨੂੰ
ਅ. ਚਿੰਨ੍ਹ ਨੂੰ
ੲ. ਸ਼ਬਦ ਨੂੰ
ਸ. ਉਪਰੋਕਤ ਸਾਰੇ

30. 'ਵਾਰ' ਸ਼ਬਦ ਦੇ ਬਹੁਅਰਥਕ ਸ਼ਬਦ ਚੁਣੋ:
ੳ. ਬਿੰਦੀ, ਰੋਟੀ ਅ. ਨਿੱਕਾ, ਵੱਡਾ
ੲ. ਦੇਣਾ, ਭਰਨਾ ਸ. ਦਿਨ, ਹਮਲਾ

31. 'ਗੁੜ ਦਿੱਤਿਆਂ ਜੇ ਦੁਸ਼ਮਣ ਮਰੇ, ਮਹੁਰਾ ਕਿਉਂ ਦੇਈਏ' ਅਖਾਉਤ ਤੋਂ ਕੀ ਭਾਵ ਹੈ।
ੳ. ਕਿਸੇ ਨੂੰ ਗੁੜ ਖਵਾ ਕੇ ਮਾਰਨਾ
ਅ. ਕੋਈ ਕੰਮ ਸਖ਼ਤੀ ਨਾਲ ਕਰਵਾਉਣਾ
ੲ. ਕੋਈ ਕੰਮ ਨਰਮੀ ਨਾਲ ਕਰਵਾਉਣਾ
ਸ. ਮਹੁਰਾ ਦੇ ਕੇ ਕੰਮ ਕਰਵਾਉਣਾ।

32. 'ਪੁਨਰਵਾਸ' ਸ਼ਬਦ ਵਿੱਚ ਅਗੇਤਰ ਦੱਸੋ।
ੳ. ਪੁ ਅ. ਪੁਨ
ੲ. ਪੁਨਰ ਸ. ਤਾਸ

33. 'ਹਰਿਆਵਲ' ਸ਼ਬਦ ਵਿੱਚ ਪਿਛੇਤਰ ਚੁਣੋ:
ੳ. ਵਲ ਅ. ਆਵਲ
ੲ. ਲ ਸ. ੍ਰਿ

34. ਸਹੀ ਸ਼ਬਦ-ਜੋੜ ਚੁਣੋ:
ੳ. ਦਿਵਾਲੀ ਅ. ਦੀਵਾਲੀ
ੲ. ਦਿਵਾਲ਼ੀ ਸ. ਦੀਵਾਲ਼ੀ

35. ਸਹੀ ਸ਼ਬਦ-ਜੋੜ ਚੁਣੋ:
ੳ. ਇਤਿਹਾਸਿਕ
ਅ. ਇਤਹਾਸਿਕ
ੲ. ਇਤਿਹਾਸਕ
ਸ. ਇਤਹਾਸਕ

36. ਲੋਹੜੀ ਦਾ ਤਿਉਹਾਰ ਕਿਸ ਦੇਸੀ ਮਹੀਨੇ ਵਿੱਚ ਆਉਂਦਾ ਹੈ?
ੳ. ਫੱਗਣ ਅ. ਹਾੜ
ੲ. ਪੋਹ ਸ. ਵਿਸਾਖ

37. ਕਿਹੜੇ-ਕਿਹੜੇ ਦੇਸੀ ਮਹੀਨੇ ਦੇ ਨਾਂ ਤੋਂ ਮੇਲਾ ਮਸ਼ਹੂਰ ਹੈ?
ੳ. ਵਿਸਾਖ ਤੇ ਚੇਤ ਅ. ਵਿਸਾਖ ਤੇ ਮਾਘ
ੲ. ਸਾਉਣ ਤੇ ਭਾਦੋਂ ਸ. ਜੇਠ ਤੇ ਵਿਸਾਖ

38. ਜਨਮਸਾਖੀ ਹੁੰਦੀ ਹੈ?
ੳ. ਨਾਟਕ ਅ. ਕਵਿਤਾ
ੲ. ਸਫ਼ਰਨਾਮਾ ਸ. ਜੀਵਨੀ

39. ਆਧੁਨਿਕ ਪੰਜਾਬੀ-ਕਾਵਿ ਦਾ ਮੋਢੀ ਕਵੀ ਕੌਣ ਹੈ?
ੳ. ਪ੍ਰੋ. ਮੋਹਨ ਸਿੰਘ ਅ. ਪ੍ਰੋ. ਪੂਰਨ ਸਿੰਘ
ੲ. ਭਾਈ ਵੀਰ ਸਿੰਘ ਸ. ਬਾਵਾ ਬਲਵੰਤ।

40. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਫ਼ਰੀਦ ਜੀ ਦੇ ਕੁੱਲ ਕਿੰਨੇ ਸਲੋਕ ਦਰਜ ਹਨ?
ੳ. 112 ਅ. 104
ੲ. 108 ਸ. 122

41. 'ਚੰਡੀ ਦੀ ਵਾਰ' ਦੀ ਰਚਨਾ ਕੀਤੀ?

ੳ. ਨਜਾਬਤ ਅ. ਸ਼ਾਹ ਮੁਹੰਮਦ
ੲ. ਭਾਈ ਗੁਰਦਾਸ ਜੀ ਸ. ਗੁਰੂ ਗੋਬਿੰਦ ਸਿੰਘ ਜੀ

42. 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਵਿੱਚ 'ਸਰਕਾਰ' ਕਿਸ ਨੂੰ ਕਿਹਾ ਗਿਆ ਹੈ?

ੳ. ਬਾਬਾ ਬੰਦਾ ਸਿੰਘ ਬਹਾਦਰ
ਅ. ਹਰੀ ਸਿੰਘ ਨਲੂਆ
ੲ. ਮਹਾਰਾਜਾ ਰਣਜੀਤ ਸਿੰਘ
ਸ. ਗੁਰੂ ਗੋਬਿੰਦ ਸਿੰਘ ਜੀ

43. ਕਿੱਸਾਕਾਰਾਂ ਦਾ ਸਰਤਾਜ ਕਿੱਸਾ ਕਵੀ ਕੌਣ ਹੈ?

ੳ. ਕਾਦਰਯਾਰ ਅ. ਹਾਸ਼ਮ ਸ਼ਾਹ
ੲ. ਵਾਰਿਸ ਸ਼ਾਹ ਸ. ਪੀਲੂ

44. ਸ਼ੇਖ਼ ਫ਼ਰੀਦ ਜੀ ਦੇ ਮੁਰਸ਼ਦ ਦਾ ਕੀ ਨਾਂ ਸੀ?

ੳ. ਬਖ਼ਤਿਆਰ ਕਾਕੀ
ਅ. ਇਨਾਇਤ ਸ਼ਾਹ
ੲ. ਵਾਰਿਸ ਸ਼ਾਹ
ਸ. ਨਿਜ਼ਾਮੁਦੀਨ ਔਲੀਆ

45. 'ਪਾੜਛਾ' ਤੋਂ ਕੀ ਭਾਵ ਹੈ?

ੳ. ਤਸਲਾ
ਅ. ਪਰਨਾਲਾ
ੲ. ਮੁੱਠੀ ਭਰ ਕਣਕ
ਸ. ਖੁਰਲੀ

46. 'ਸੰਮੀ' ਕਿਹੜੇ ਖੇਤਰ ਦਾ ਨਾਚ ਹੈ?

ੳ. ਮਾਝਾ
ਅ. ਸਾਂਦਲ ਬਾਰ
ੲ. ਮਾਲਵਾ
ਸ. ਦੁਆਬਾ

47. 'ਛਪਾਰ ਦਾ ਮੇਲਾ' ਕਿਹੜੇ ਮਹੀਨੇ ਲੱਗਦਾ ਹੈ?

ੳ. ਸਾਉਣ ਮਹੀਨੇ ਅ. ਫੱਗਣ ਮਹੀਨੇ
ੲ. ਭਾਦੋਂ ਮਹੀਨੇ ਸ. ਚੇਤ ਮਹੀਨੇ

48. 'ਮਾਈਏਂ ਪਾਉਣ' ਦੀ ਰਸਮ ਤੋਂ ਕੀ ਭਾਵ ਹੈ?

ੳ. ਗੀਤ ਗਾਉਣਾ
ਅ. ਜਾਗੋ ਕੱਢਣਾ
ੲ. ਸਿਰ ਪਾਣੀ ਪਾਉਣਾ
ਸ. ਵਟਣਾ ਮਲਣਾ

49. 'ਝੂਮਰ' ਕਿਸ ਦਾ ਨਾਚ ਹੈ?

ੳ. ਮਰਦਾ ਦਾ
ਅ. ਤੀਵੀਂਆਂ ਦਾ
ੲ. ਕੁੜੀਆਂ ਦਾ
ਸ. ਉਪਰੋਕਤ ਵਿਚੋਂ ਕੋਈ ਨਹੀਂ।

50. 'ਘੋੜੀ' ਲੋਕ-ਗੀਤ ਕਿਸ ਵੱਲੋਂ ਗਾਇਆ ਜਾਂਦਾ ਹੈ?

ੳ. ਭਰਜਾਈ ਵੱਲੋਂ
ਅ. ਪਤੀਸ ਵੱਲੋਂ
ੲ. ਭੈਣ ਵੱਲੋਂ
ਸ. ਮਾਸੀ ਵੱਲੋਂ।